**International Journal of Academic Research and Development**
**ISSN: 2455-4197, Impact Factor (RJIF 5.22)**
**www.newresearchjournal.com/academic**
**Volume 1; Issue 3; March 2016; Page No. 78-79**

# ਲੋਕ ਸਾਹਿਤ ਦਾ ਅਨਿਖੜਵਾਂ ਅੰਗ : ਅਲਾਹੁਣੀਆਂ

**Dr. Rachhpal Singh Uppal**

Guru Nanak Khalsa College, Abohar, Punjab, India

ਲੋਕ ਸਾਹਿਤ ਕਿਸੇ ਵੀ ਭਾਸ਼ਾ ਦੇ ਸਾਹਿਤ ਦਾ ਅਮੁੱਕ ਅਤੇ ਕੀਮਤੀ ਸਰਮਾਇਆ ਹੁੰਦਾ ਹੈ। ਕਿਸੇ ਵੀ ਪ੍ਰਦੇਸ਼ ਜਾਂ ਸੂਬੇ ਦੀ ਬੋਲੀ ਦਾ ਇਤਿਹਾਸ ਦੇਖਣਾ ਹੋਵੇ ਤਾਂ ਉਥੋਂ ਦੇ ਲੋਕ ਸਾਹਿਤ ਨੂੰ ਵਿਸ਼ੇਸ਼ ਕਰਕੇ ਦੇਖਣਾ ਪਵੇਗਾ। ਕਿਸੇ ਵੀ ਸੱਭਿਅਤਾ ਦੇ ਲੋਕਾਂ ਦੇ ਦੁਖ-ਸੁਖ, ਖੁਸ਼ੀਆਂ-ਗਮੀਆਂ, ਜੀਵਨ-ਮਰਨ, ਆਦਿ ਸਭਦੇ ਝਲਕਾਰੇ ਉਸ ਦੇ ਲੋਕ ਸਾਹਿਤ ਵਿਚ ਪੈਂਦੇ ਹਨ।

### ਡਾ. ਸੁਰਿੰਦਰ ਸਿੰਘ ਬੇਦੀ ਇਸ ਬਾਰੇ ਲਿਖਦੇ ਹਨ

"ਲੋਕ ਸਾਹਿਤ ਉਹ ਸ਼ੀਸ਼ਾ ਹੈ ਜਿਸਦੇ ਵਿਚ ਝਾਤੀ ਪਾ ਕੇ ਕੋਈ ਸਮਾਜ ਆਪਣੇ ਮੂੰਹ ਦੇ ਦ੍ਰਿਸ਼ਟੀਗੋਚਰ ਨੈਣ-ਨਕਸ਼ ਹੀ ਨਹੀਂ ਅੰਤਰ ਤੱਕ ਦੀ ਹਰ ਆਦ੍ਰਿਸ਼ਟ ਰੇਖਾ ਨੂੰ ਵੀ ਵੇਖ ਸਕਦਾ ਹੈ।"[1]

ਬੇਸ਼ੱਕ ਸੁਹਾਗ, ਘੋੜੀਆਂ, ਸਿੱਠਣੀਆਂ, ਟੱਪੇ, ਮਾਹੀਆ ਆਦਿ ਲੋਕ ਸਾਹਿਤ ਦਾ ਪ੍ਰੱਚਲਿਤ ਕਾਵਿ ਰੂਪ ਹਨ, ਪਰ ਅਲਾਹੁਣੀਆਂ ਵੀ ਇਸ ਦਾ ਅਨਿੱਖੜ ਅੰਗ ਹਨ ਜਿਨ੍ਹਾਂ ਦੀ ਆਪਣੀ ਸਾਹਿਤਕ ਮਹੱਤਤਾ ਜਾ ਪ੍ਰਸੰਗਿਕਤਾ ਹੈ। ਇਸ ਸੰਸਾਰ ਤੇ ਆਏ ਹਰੇਕ ਵਿਅਕਤੀ ਨੇ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਇਕ ਦਿਨ ਇਥੋਂ ਰੁਖਸਤ ਹੋਣਾ ਹੈ। ਜਦੋਂ ਸਾਡੇ ਘਰੇ ਕੋਈ ਮਹਿਮਾਨ ਆਉਂਦਾ ਹੈ ਤਾਂ ਅਸੀਂ ਮਹਿਮਾਨ ਨਿਵਾਜ਼ੀ ਕਰਕੇ ਜਿਸ ਤਰਾਂ ਉਸਨੂੰ ਗੇਟ ਜਾਂ ਦਰਵਾਜੇ ਤੱਕ ਵਿਦਾ ਕਰਕੇ ਆਉਂਦੇ ਹਾਂ ਬਿਲਕੁਲ ਉਸੇ ਤਰ੍ਹਾਂ ਇਸ ਫ਼ਾਨੀ ਸੰਸਾਰ ਤੇ ਆਏ ਮਨੁੱਖੀ ਜੀਵ ਰੂਪੀ ਕੁਝ ਦਿਨਾਂ ਦੇ ਮਹਿਮਾਨ ਨੂੰ ਵੀ ਅਲਾਹੁਣੀਆਂ ਨਾਲ ਵਿਦਾ ਕੀਤਾ ਜਾਂਦਾ ਹੈ।

ਅਲਾਹੁਣੀਆਂ ਦਿਲ ਦੇ ਗ਼ਮਾਂ ਦੇ ਗੀਤ ਹਨ ਜਿਨ੍ਹਾਂ ਨੂੰ ਬਿਨਾਂ ਕਿਸੇ ਝਿਜਕ ਦੇ ਗਾਇਆ ਜਾਂਦਾ ਹੈ। ਖੁਸ਼ੀ ਸਮੇਂ ਮਨ ਵਿਚ ਗੁਣਗਣਾਏ ਆਪਹੁਦਰੇ ਗੀਤ, ਖੁਸ਼ੀ ਦੇ ਗੀਤਾਂ ਨੂੰ ਜਨਮ ਦਿੰਦੇ ਹਨ ਜਦੋਂ ਕਿ ਗ਼ਮ ਦੇ ਬੱਦਲ ਛਾ ਜਾਣ ਤੇ ਅੱਖੀਆਂ ਚੋਂ ਵਗਦੇ ਅਥਰੂਆਂ ਨਾਲ ਇਕਸੁਰ ਹੋ ਕੇ ਗਾਏ ਜਾਣ ਵਾਲੇ ਗੀਤ ਵੈਣ ਜਾਂ ਅਲਾਹੁਣੀਆਂ ਅਖਵਾਉਦੇਂ ਹਨ।

"ਅਲਾਹੁਣੀ ਤੋਂ ਭਾਵ ਹੈ ਸ਼ਲਾਘਾ ਅਥਵਾ ਉਸਤਿਤ ਕਰਨੀ। ਕਿਸੇ ਵਿਅਕਤੀ ਦੇ ਪ੍ਰਾਣ ਤਿਆਗ ਜਾਣ ਤੇ ਉਸਦੇ ਸਦੀਵੀ ਤੇ ਅਸਹਿ ਵਿਛੋੜੇ ਕਾਰਨ ਇਸਤਰੀਆਂ ਦੁਆਰਾ ਉਸਦੇ ਗੁਣ ਕ੍ਰਮ ਦੱਸਣ ਵਾਲੇ ਜਿਹੜੇ ਕਰੁਣਾਮਈ ਤੇ ਸੋਗਮਈ ਗੀਤ ਗਾਏ ਜਾਂਦੇ ਹਨ ਉਹ ਅਲਾਹੁਣੀਆਂ ਹਨ।"[2]

### ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ

"ਸ਼ਲਾਘਾ ਦੀ ਕਵਿਤਾ, ਉਹ ਗੀਤ ਜਿਸਦੇ ਵਿਚ ਕਿਸੇ ਦੇ ਗੁਣ ਗਾਏ ਜਾਣ, ਖਾਸ ਕਰਕੇ ਮੋਏ ਪ੍ਰਾਣੀ ਦੇ ਗੁਣ ਕਰਮ ਕਹਿਕੇ ਜੋ ਗੀਤ ਗਾਇਆ ਜਾਂਦਾ ਹੈ ਉਸ ਦਾ ਨਾਉਂ ਅਲਾਹੁਣੀ ਹੈ।"[3]

"ਅਲਾਹੁਣੀਆਂ ਨਿਵੇਕਲੀ ਸ਼ੈਲੀ ਦੀਆਂ ਧਾਰਨੀ ਹਨ, ਤੇ ਇਨ੍ਹਾਂ ਨੂੰ ਵੱਖ-ਵੱਖ ਉਪ ਭਾਸ਼ਾਵਾਂ ਵਿਚ ਵੈਣ ਕੀਰਨੇ ਆਦਿ ਸ਼ਬਦਾਂ ਨਾਲ ਵੀ ਸੰਬੋਧਨ ਕੀਤਾ ਜਾਂਦਾ ਹੈ। ਕੁਝ ਸਾਹਿਤਕ ਵਿਦਵਾਨ ਇਕ ਮਤ ਨਾ ਹੋ ਕੇ ਵੈਣ ਜਾਂ ਕੀਰਨਿਆਂ ਨੂੰ ਅਲਾਹੁਣੀ ਤੋਂ ਵੱਖਰਾ ਕਾਵਿ ਰੂਪ ਮੰਨਦੇ ਹਨ। ਡਾ. ਨਾਹਰ ਸਿੰਘ ਅਨੁਸਾਰ "ਇਨ੍ਹਾਂ ਦੀ ਵੱਖਰਤਾ ਦਾ ਅਧਾਰ ਇਨ੍ਹਾਂ ਦੀ ਨਿਭਾਓ ਸ਼ੈਲੀ ਹੈ, ਇਕੱਲੀ ਜ਼ਨਾਨੀ ਜਦੋਂ ਉੱਚੀਆਂ ਦਿਲ ਚੀਰਵੀਆਂ ਸੁਰਾਂ ਵਿਚ ਦਰਦਨਾਕ ਵਿਰਲਾਪ ਅਲਾਪਦੀ ਹੈ, ਉਹ ਵੈਣ ਆਖਵਾਉਂਦੇ ਹਨ, ਜਦੋਂ ਜ਼ਨਾਨੀਆਂ ਮਿਲਕੇ ਵੈਣ ਪਾਉਂਦੀਆਂ ਹਨ ਉਹ ਅਲਾਹੁਣੀਆਂ ਅਖਵਾਉਂਦੀਆਂ ਹਨ।"[4]

ਅਲਾਹੁਣੀਆਂ ਸਬੰਧੀ ਪਿੰਡ ਦੀ ਨਾਇਣ ਦਾ ਕਿਰਦਾਰ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ ਜੋ ਮੌਕੇ ਮਤਾਬਕ ਆਪਣਾ ਰੋਲ ਅਦਾ ਕਰਦੀ ਹੈ। ਅਲਾਹੁਣੀ ਦੀ ਸ਼ੁਰੂਆਤ ਇਸ ਨਾਇਣ ਜਾਂ ਫਿਰ ਕਿਸੇ ਸਿਆਣੀ ਔਰਤ ਵੱਲੋਂ ਕੀਤੀ ਜਾਂਦੀ ਹੈ ਤੇ ਬਾਕੀ ਦੀਆਂ ਔਰਤਾਂ ਉਸ ਅਲਾਹੁਣੀ ਦੀ ਲੈਅ ਤੇ ਪਿੱਟਦੀਆਂ ਹਨ। ਇਨ੍ਹਾਂ ਅਲਾਹੁਣੀਆਂ ਵਿਚ ਮਰਨ ਵਾਲੇ ਦੀਆਂ ਬਰਕਤਾਂ ਖੁਸ਼ੀਆਂ ਆਦਿ ਨੂੰ ਯਾਦ ਕੀਤਾ ਜਾਂਦਾ ਹੈ। ਮਰਨ ਵਾਲੇ ਵੱਖ-ਵੱਖ ਉਮਰ ਦੇ ਵਿਅਕਤੀਆਂ ਲਈ ਅਲਾਹੁਣੀਆਂ ਵੀ ਵੱਖ-ਵੱਖ ਤਰ੍ਹਾਂ ਦੀਆਂ ਹੀ ਪਾਈਆਂ ਜਾਂਦੀਆਂ ਹਨ, ਭਾਵ ਅਲਾਹੁਣੀਆਂ ਦੀ ਪੇਸ਼ਕਾਰੀ ਮਰਨ ਵਾਲੇ ਵਿਅਕਤੀ ਦੀ ਉਮਰ ਅਤੇ ਵਰਗ ਅਨੁਸਾਰੀ ਹੁੰਦੀ ਹੈ। ਸੋ ਇਨ੍ਹਾਂ ਵੈਣਾਂ ਦਾ ਵਿਸ਼ਾ ਵੀ ਮਰਨ ਵਾਲੇ ਦੀ ਉਮਰ ਅਤੇ ਰਿਸ਼ਤੇ ਅਨੁਸਾਰ ਵੱਖਰਾ-ਵੱਖਰਾ ਹੁੰਦਾ ਹੈ।

ਮਰਨ ਵਾਲਾ ਵਿਅਕਤੀ ਜੇਕਰ ਕੋਈ ਬਜੁਰਗ ਜੋ ਵਡੇਰੀ ਉਮਰ ਭੋਗ ਕੇ ਜਾਂ ਪੱਕੀ ਉਮਰ ਵਿਚ ਰੱਬ ਨੂੰ ਪਿਆਰਾ ਹੁੰਦਾ ਹੈ ਤਾਂ ਸੋਗਮਈ ਗੀਤਾਂ ਦੇ ਨਾਲ-ਨਾਲ ਮਨ ਵਿਚ ਉਸਨੂੰ ਵੱਡਾ ਕਰਨ ਜਾਂ ਬੁੜੇ ਦਾ ਮਰਨਾ ਕਰਨ ਦੀ ਉਮੰਗ ਸਦਕਾ ਹਾਮ-ਰਸ ਦੇ ਫ਼ੁਹਾਰੇ ਵੀ ਛੱਡੇ ਜਾਂਦੇ ਹਨ ਇਸ ਤਰ੍ਹਾਂ ਇਨ੍ਹਾਂ ਵਿਚ ਟਿਚਕਰ ਬਾਜ਼ੀ ਦਾ ਵੀ ਕੁਝ ਰੰਗ ਹੁੰਦਾ ਹੈ। ਜੋ ਕੁੜਮਤ ਅਤੇ ਸ਼ਰੀਕਣਾਂ ਵੱਲੋਂ ਪਾਈਆਂ ਜਾਂਦੀਆ ਹਨ:

> ਬੁੱਢਾ ਤਾਂ ਬਹਿੰਦਾ ਕੁਰਸੀ ਡਾਹ, ਹਾਏ ਨੀ ਬੁੱਢੜਾ ਮਰ ਨੀ ਗਿਆ।
> ਬੁੱਢੜੀ ਰੰਡੀ ਕਰ ਨੀ ਗਿਆ, ਬੁੱਢੜਾ ਤਾਂ ਪੀਂਦਾਂ ਲਿਪਟਨ ਚਾਹ
> ਹਾਏ ਨੀ ਬੁੱਢੜਾ ਮਰ ਨੀ ਗਿਆ:

ਬੱਚੇ ਦੀ ਮੌਤ ਦੀ ਹਾਲਤ ਵਿੱਚ ਉਸਦੀ ਮਸੂਮੀਅਤ, ਖਿਡੌਣਿਆ, ਪੰਘੂੜਿਆਂ ਆਦਿ ਦਾ ਵਰਣਨ ਕੀਤਾ ਜਾਂਦਾ ਹੈ। ਮਰਨ ਵਾਲਾ ਵਿਅਕਤੀ ਜਵਾਨੀ ਦੀ ਅਵਸਥਾ ਵਿਚ ਤੁਰ ਗਿਆ ਹੋਵੇ ਤਾਂ ਇਨ੍ਹਾਂ ਵੈਣਾਂ ਵਿਚ ਕਰੁਣਾਮਈ ਰਸ ਇਸ ਸਿਖਰ ਤੇ ਹੁੰਦਾ ਹੈ ਕਿ ਸੁਣਨ ਵਾਲੇ ਦੇ ਅੱਥਰੂ ਆਪ ਮੁਹਾਰੇ ਹੀ ਵਹਿ ਤੁਰਦੇ ਹਨ। ਦੋਵਾਂ ਪਾਸਿਆਂ ਤੋਂ ਪਿੜ੍ਹ ਬੰਨ੍ਹ ਕੇ ਖੜੋਤੀਆਂ ਔਰਤਾਂ ਵਿਚਾਲੇ ਪਹਿਲਾ ਨੈਣ ਅਲਾਹੁਣੀ ਅਰੰਭ ਕਰਦੀ ਹੈ ਜਿਸ ਵਿਚ ਮਰਨ ਵਾਲੇ ਨੂੰ ਸ਼ੇਰ ਜਵਾਨ ਜਾਂ ਮਿਰਜ਼ੇ ਨਾਲ ਤੁਲਨਾਇਆ ਜਾਂਦਾ ਹੈ।ਨਾਇਣ ਬੋਲਦੀ ਹੈ "ਮੌਤ ਪਛੋਂਦੀ ਦੀ ਆਈ, ਹਾਏ ਵੇ ਸ਼ੇਰ ਜਵਾਨਾ" ਦੂਸਰੀਆਂ ਔਰਤਾਂ ਸਮੂਹਿਕ ਰੂਪ ਵਿਚ ਆਪਣੇ ਦੋਹਾਂ ਹੱਥਾਂ ਨਾਲ ਆਪਣੀਆਂ ਛਾਤੀਆਂ, ਪੱਟਾਂ ਅਤੇ ਮੂੰਹ ਉਪਰ ਦੁਹੱਥੜਾ ਮਾਰਦੀਆਂ ਬੋਲਦੀਆਂ ਹਨ :

> ਹੈਂ ਹੈਂ ਮਿਰਜ਼ਾ ਸੌਂ ਗਿਆ ਨੀ, ਹੈਂ ਹੈਂ ਮਿਰਜ਼ਾ ਸੌਂ ਗਿਆ ਨੀ
> ਸੌਂ ਗਿਆ ਚਾਦਰ ਤਾਣ ਕੇ ਨੀ, ਹੈਂ ਹੈਂ ਮਿਰਜ਼ਾ ਸੌਂ ਗਿਆ ਨੀ
> ਸੁੱਤੇ ਨੂੰ ਨਾ ਆਈ ਜਾਗ, ਮਿਰਜ਼ਾ ਸੌਂ ਗਿਆ ਨੀ
> ਹੈਂ ਹੈਂ ਮਿਰਜ਼ਾ ਸੌਂ ਗਿਆ ਨੀ।

ਜੇ ਕੋਈ ਭਰ ਜ਼ੋਬਨ ਵਿਚ ਮੁਟਿਆਰ ਧੀ ਜਾਂ ਨੂੰਹ ਸਦੀਵੀ ਵਿਛੋੜਾ ਦੇ ਜਾਵੇ ਤਾਂ ਅਲਾਹੁਣੀ ਵਿਚ ਉਸਦੇ ਸਰੀਰਕ ਗੁਣਾ ਦੇ ਨਾਲ-ਨਾਲ ਉਸਦੇ ਕਾਰਜਾਂ ਦੀ ਵੀ ਸਲਾਹੁਤਾ ਜਾਂ ਵਡਿਆਈ ਕੀਤੀ ਜਾਂਦੀ ਹੈ। ਉਸ ਜਵਾਨ ਧੀ ਜਾਂ ਨੂੰਹ ਨੂੰ ਅਲੰਕਾਰਕ ਸ਼ਬਦਾਵਲੀ ਰਾਹੀਂ ਛੈਲ-ਛਬੀਲੀ ਜਾਂ ਧੀਏ ਮੋਰਨੀਏ ਰਾਹੀਂ ਮੁਖਾਤਿਬ ਹੋਇਆ ਜਾਂਦਾ ਹੈ। ਮਾਂ-ਧੀ ਦੇ ਰਿਸ਼ਤੇ ਨੂੰ ਅਲਾਹੁਣੀਆਂ ਵਿਚ ਇਸ ਪ੍ਰਕਾਰ ਪ੍ਰਸਤੁਤ ਕੀਤਾ ਜਾਂਦਾ ਹੈ :

> ਹੈਂ ਹੈਂ ਨੀ ਧੀਏ ਮੋਰਨੀਏ
> ਗਈ ਜਹਾਨੋ ਖਾਲੀ ਨੀ ਧੀਏ ਮੋਰਨੀਏ
> ਤੇਰੇ ਕਾਲੇ ਕਾਲੇ ਕੇਸ ਨੀ ਧੀਏ ਮੋਰਨੀਏ
> ਹੈਂ ਹੈਂ ਧੀ ਧੀਏ ਮੋਰਨੀਏ

ਮਾਂ ਦੀ ਮੌਤ ਤੇ ਪਾਈ ਜਾਣ ਵਾਲੀ ਆਲਹੁਣੀ ਦਾ ਦ੍ਰਿਸ਼ ਕਿੰਨਾ ਕਰੁਣਾਮਈ ਹੈ:

ਮਾਵਾਂ ਧੀਆਂ ਦੀ ਦੋਸਤੀ ਟੁੱਟੀ ਕਹਿਰਾਂ ਦੇ ਨਾਲ
ਪੱਟੀ ਧੀ ਨੀ ਮੇਰੀਏ ਅੰਬੜੀਏ
ਸਾਵਣ ਪਿਆ ਵੱਸੇ ਰੁੱਤ ਆਪਣੀ, ਸੌ ਵਰਸਾਂ ਦਿਨ ਤੇ ਰਾਤ ਨੀ
ਪੱਟੀ ਧੀ ਨੀ ਮੇਰੀਏ ਅੰਬੜੀਏ

ਅਲਾਹੁਣੀਆਂ ਦੀ ਸਾਹਿਤਕ ਅਤੇ ਸਭਿਆਚਾਰਕ ਮਹੱਤਤਾ ਦਾ ਪ੍ਰਮਾਣ ਇਸ ਪੱਖੋਂ ਵੀ ਹੈ ਕਿ ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਥਾਨ ਦੇਕੇ ਨਿਵਾਜਿਆ ਗਿਆ ਹੈ। ਸਾਡੇ ਪਹਿਲੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਵਡਹੰਸ ਰਾਗ ਵਿਚ ਅਲਾਹੁਣੀਆਂ ਦੀ ਭਾਵਨਾ ਦੇ ਨੌ ਸ਼ਬਦ, ਕ੍ਰਮਵਾਰ ਪੰਜ ਅਲਾਹੁਣੀਆਂ, (ਅੰਗ 578 ਤੋਂ 582) ਚਾਰ ਸ਼ਬਦ (ਅੰਗ 582 ਤੋ 585) ਦਰਜ ਹਨ ਜਿਨ੍ਹਾਂ ਰਾਹੀਂ ਮਨੁੱਖੀ ਪ੍ਰਾਣੀ ਨੂੰ ਮੌਤ ਦੀ ਅਸਲੀਅਤ ਤੋਂ ਜਾਣੂ ਕਰਵਾ ਕੇ ਫਜ਼ੂਲ ਰੋਣ ਪਿੱਟਣ ਦੀ ਥਾਂ ਪ੍ਰਭੂ ਪ੍ਰੀਤਮ ਦੇ ਲੜ ਲੱਗਣ ਦੀ ਪ੍ਰੇਰਣਾ ਦਿੱਤੀ ਗਈ ਹੈ।[5]

ਸੋ ਅਲਾਹੁਣੀਆਂ ਸਾਡੀਆਂ ਸਮਾਜਿਕ ਸਭਿਆਚਾਰਕ ਕਦਰਾਂ ਕੀਮਤਾਂ ਦਾ ਅਨਿੱਖੜ ਅੰਗ ਹੀ ਨਹੀਂ ਸਗੋਂ ਸਾਡੇ ਲੋਕ ਸਹਿਤ ਦੀ ਅਮੀਰ ਪਰੰਪਰਾ ਦਾ ਹਿੱਸਾ ਵੀ ਹਨ। ਅਲਾਰਣੀਆਂ ਵੱਖ-ਵੱਖ ਉਮਰ ਦੇ ਵਿਅਕਤੀਆਂ ਲਈ ਵੱਖ-ਵੱਖ ਸ਼ਬਦਾਂ ਰਾਹੀਂ ਸੰਬੋਧਨੀ ਹੁੰਦੀਆਂ ਹਨ। ਇਨ੍ਹਾਂ ਰਾਹੀਂ ਗਾਏ ਗ਼ਮਾਂ ਦੇ ਗੀਤ ਮਨ ਤੇ ਉਮੜੇ ਬੋਝ ਨੂੰ ਹਲਕਾ ਕਰਨ ਦੇ ਵਾਹਨ ਵੀ ਬਣਦੇ ਹਨ।

### ਹਵਾਲੇ ਤੇ ਟਿੱਪਣੀਆਂ


1) ਮਹਿੰਦਰ ਸਿੰਘ ਬੇਦੀ, ਪੰਜਾਬ ਦਾ ਲੋਕ ਸਾਹਿਤ, ਦਿੱਲੀ, 1968 ਪੰਨਾ 7
2) ਕਾਨ੍ਹ ਸਿੰਘ, ਗੁਰਸ਼ਬਦ ਰਤਨਾਕਰ (ਪਹਿਲੀ ਜਿਲਦ) ਪਟਿਆਲਾ 1930 ਪੰਨਾ 254
3) ਡਾ. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਪਬਲੀਕੇਸ਼ਨ ਬਿਊਰੋ, ਪੰ.ਯੂਨੀ. ਪਟਿਆਲਾ 1996, ਪੰਨਾ 196
4) ਮਹਿੰਦਰ ਸਿੰਘ ਬਿਰਦੀ, ਮਾਲਵੇ ਦਾ ਲੋਕ ਸਾਹਿਤ, ਪਬਲੀਕੇਸ਼ਨ ਬਿਊਰੋ, ਪੰ.ਯੂਨੀ. ਪਟਿਆਲਾ, 2000 ਪੰਨਾ 112
5) ਉਹੀ